
ਲੂੰਬੜ ਦੀ ਕਹਾਣੀ

ਯੋਸੀ ਅਬੋਲਾਫੀਆ

ਅਨੁਵਾਦਕ: ਗੁਰਪ੍ਰੀਤ ਕੌਰ



ਲੂੰਬੜ ਦੀ ਕਹਾਣੀ



ਲਿਖਿਆ ਅਤੇ ਦਰਸਾਇਆ ਗਿਆ: ਯੋਸੀ ਅਬੋਲਾਫੀਆ

ਅਨੁਵਾਦਕ: ਗੁਰਪ੍ਰੀਤ ਕੌਰ



ਇਟਾਮਾਰ ਲਈ

- ਵਾਈ.ਏ.



ਇੱਕ ਵਾਰ ਦੀ ਗੱਲ ਹੈ ਇੱਕ ਭਾਲੂ ਆਪਣੀ ਬੋਤਲ ਵਿੱਚੋਂ ਸ਼ਹਿਦ ਚੱਟਦਾ ਹੋਇਆ ਜੰਗਲ ਵਿੱਚ ਬੜੀ ਖੁਸ਼ੀ ਨਾਲ ਘੁੰਮ ਰਿਹਾ ਸੀ। ਪਰ ਝਾੜੀਆਂ ਦੇ ਪਿੱਛੇ ਦੋ ਲਾਲਚੀ ਅੱਖਾਂ,

ਉਸਨੂੰ ਘੂਰ ਰਹੀਆਂ ਸਨ।

"ਓਏ ਟੁੰਡੇ!" ਲੂੰਬੜ ਨੇ ਭਾਲੂ ਨੂੰ ਪੁਕਾਰਿਆ।

"ਤੁਸੀਂ ਮੈਨੂੰ ਕੀ ਬੁਲਾਇਆ ?" ਭਾਲੂ ਨੇ ਗੁੱਸੇ ਨਾਲ ਪੁੱਛਿਆ।

"ਟੁੰਡਾ," ਲੂੰਬੜ ਨੇ ਕਿਹਾ। "ਸਾਰੇ ਤੁਹਾਡੀ ਪਿੱਠ ਪਿੱਛੇ ਤੁਹਾਨੂੰ ਇਹੀ ਤਾਂ ਕਹਿੰਦੇ ਹਨ।"

" ਕੀ ਉਹ ਇਸ ਤਰ੍ਹਾਂ ਕਹਿੰਦੇ ਹਨ ?" ਭਾਲੂ ਜਾਣਨਾ ਚਾਹੁੰਦਾ ਸੀ।

ਲੂੰਬੜ ਨੇ ਕਿਹਾ , "ਹਾਂ, ਹਰ ਸਮੇਂ ਇਹੀ ਕਹਿੰਦੇ ਹਨ, ਕਿਉਂਕਿ ਤੁਹਾਡੀ ਪੂੰਛ ਜੋ ਗਾਇਬ ਹੈ।"





" ਪਰ ਮੇਰੀ ਤਾਂ ਇੱਕ ਪੂੰਛ ਹੈ ।" ਭਾਲੂ ਨੇ ਕਿਹਾ।

ਲੂੰਬੜ ਨੇ ਬੜੀ ਚਲਾਕੀ ਨਾਲ ਭਾਲੂ ਨੂੰ ਕਿਹਾ,"ਪਰ ਫਿਰ ਵੀ ਸਾਰਿਆਂ ਦੀ ਪੂੰਛ ਤੁਹਾਡੀ ਪੂੰਛ ਨਾਲੋਂ ਵਧੀਆ ਹੈ । ਤੁਹਾਡੇ ਕੋਲ ਵੀ ਇੱਕ ਸੁੰਦਰ ਪੂੰਛ ਹੋ ਸਕਦੀ ਹੈ।"

" ਸੱਚਮੁੱਚ ? ਪਰ ਕਿਵੇਂ ?" ਭਾਲੂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

" ਮੈਂ ਤੇਰੀ ਅੱਧੀ ਖਾਲੀ ਸ਼ਹਿਦ ਦੀ ਬੋਤਲ ਦੇ ਬਦਲੇ ,ਆਪਣੀ ਸੁੰਦਰ ਝਾੜੀਦਾਰ ਪੂੰਛ ਨੂੰ ਤੇਰੀ ਪੂੰਛ ਦੀ ਜਗ੍ਹਾ ਤੇ ਬਦਲ ਸਕਦਾ ਹਾਂ ।" ਲੂੰਬੜ ਨੇ ਕਿਹਾ।

" ਪਰ ਮੈਂ ਤੁਹਾਡੀ ਪੂੰਛ ਆਪਣੇ ਨਾਲ ਕਿਵੇਂ ਰੱਖ ਸਕਦਾ ਹਾਂ ?" ਭਾਲੂ ਜਾਣਨਾ ਚਾਹੁੰਦਾ ਸੀ।

ਲੂੰਬੜ ਨੇ ਕਿਹਾ, "ਤੁਹਾਨੂੰ ਇਹ ਆਪਣੇ ਨਾਲ ਰੱਖਣ ਦੀ ਕੋਈ ਲੋੜ ਨਹੀਂ , ਮੈਂ ਇਸਨੂੰ ਤੁਹਾਡੇ ਲਈ ਰੱਖ ਲਵਾਂਗਾ। ਜਿਵੇਂ ਕਿ ਤੁਸੀਂ ਦੇਖ ਹੀ ਸਕਦੇ ਹੋ ਕਿ ਮੈਂ ਇਸ ਦੀ ਕਿੰਨੀ ਚੰਗੀ ਤਰ੍ਹਾਂ ਦੇਖਭਾਲ ਕਰਦਾ ਹਾਂ।"

" ਪਰ ਫਿਰ ਵੀ ਕਿਸੇ ਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਤੁਹਾਡੀ ਪੂੰਛ ਅਸਲ ਵਿੱਚ ਮੇਰੀ ਹੈ ?" ਭਾਲੂ ਨੇ ਪੁੱਛਿਆ।

ਲੂੰਬੜ ਨੇ ਉਸਨੂੰ ਭਰੋਸਾ ਦਿੱਤਾ ਕਿ ਉਹ ਆਪਣੀ ਪੂੰਛ 'ਤੇ ਇੱਕ ਤਖ਼ਤੀ ਲਟਕਾ ਦੇਵੇਗਾ ਜਿਸ ਤੇ ਸਾਫ਼ ਲਿਖਿਆ ਹੋਵੇਗਾ ਕਿ ਇਹ ਪੂੰਛ ਭਾਲੂ ਦੀ ਹੈ।

" ਪਰ ਜੇ ਤੂੰ ਆਲੇ-ਦੁਆਲੇ ਨਹੀਂ ਹੈਂ , ਤਾਂ ਕੀ ਹੋਵੇਗਾ ?" ਭਾਲੂ ਨੇ ਫਿਰ ਪੁੱਛਿਆ।

" ਮੈਂ ਤੈਨੂੰ ਇੱਕ ਪਰਚਾ ਲਿਖ ਕੇ ਦਵਾਂਗਾ ," ਲੂੰਬੜ ਨੇ ਕਿਹਾ।
"ਇਸ ਚੀਜ਼ ਦੀ ਮੈਂ ਤੁਹਾਨੂੰ ਜਮਾਨਤ ਦਿੰਦਾ ਹਾਂ ! ਜਾਂ ਤੁਹਾਡਾ ਸ਼ਹਿਦ ਵਾਪਸ ਕਰ ਦਵਾਂਗਾ।"





ਇਸ ਦੌਰਾਨ, ਨਦੀ ਦੇ ਕੰਢੇ , ਕੁਝ ਜਾਨਵਰ ਦੁਪਹਿਰ ਦੀ ਚਾਹ ਪੀ ਰਹੇ ਸਨ। ਉਹ ਚਲਾਕ ਲੂੰਬੜੀ ਬਾਰੇ ਗੱਲਬਾਤ ਕਰਨ ਵਿੱਚ ਵਿਅਸਤ ਸਨ।

" ਮੈਂ ਇੱਕ ਦਿਨ ਇੱਕ ਟਾਹਣੀ 'ਤੇ ਬੈਠਾ ਆਪਣਾ ਖਾਣਾ ਖਾ ਰਿਹਾ ਸੀ ," ਕਾਂ ਨੇ ਕਿਹਾ। "ਬੱਸ ਉਦੋਂ ਹੀ ਲੂੰਬੜ ਮੇਰੇ ਕੋਲ ਰੁਕਿਆ ਅਤੇ ਕਹਿਣ ਲੱਗਾ, ' ਤੇਰੀ ਜਿੰਨੀ ਸੋਹਣੀ ਅਵਾਜ਼ ਕਿਸੇ ਹੋਰ ਪੰਛੀ ਦੀ ਨਹੀਂ ਹੈ। ਇਹ ਸੁਣ ਕੇ ਜਦੋਂ ਹੀ ਮੈਂ ਗਾਉਣ ਲਈ ਆਪਣੀ ਚੁੰਝ ਖੋਲ੍ਹੀ, ਮੇਰਾ ਪਨੀਰ ਦਾ ਵਧੀਆ ਟੁਕੜਾ ਹੇਠਾਂ ਡਿੱਗ ਪਿਆ। ਲੂੰਬੜ ਨੇ ਪਨੀਰ ਦਾ ਟੁਕੜਾ ਚੁੱਕਿਆ ਅਤੇ ਤੁਰ ਪਿਆ। ਉਸ ਕੋਲ ਇਹ ਕਹਿਣ ਦੀ ਹਿੰਮਤ ਵੀ ਸੀ ਕਿ ਮੈਂ ਬਿਨਾਂ ਸੁਰ ਦੇ ਗਾਉਂਦਾ ਹਾਂ।"





ਖਰਗੋਸ਼ ਨੇ ਕਿਹਾ , " ਮੇਰਾ ਗਲਾ ਅੱਜ ਵੀ ਦੁਖਦਾ ਹੈ ਕਿਉਂਕਿ ਚਲਾਕ ਲੂੰਬੜ ਨੇ ਮੇਰੇ ਮਿੱਠੇ ਅੰਗੂਰ ਲੈ ਲਏ ਅਤੇ ਮੈਨੂੰ ਖੱਟੇ ਅੰਗੂਰ ਦੇ ਦਿੱਤੇ, ਇਹ ਕਹਿ ਕੇ ਕਿ ਉਨ੍ਹਾਂ ਵਿੱਚ ਵਿਟਾਮਿਨ ਸੀ ਹੈ।"



ਗਧੇ ਨੇ ਦੱਸਿਆ, " ਉਸ ਦਿਨ ਮੈਂ ਬਲੂਤ ਦੇ ਫਲ ਇਕੱਠੇ ਕਰ ਰਿਹਾ ਸੀ , ਅਤੇ ਲੂੰਬੜ ਆਇਆ ਅਤੇ ਕਹਿਣ ਲੱਗਾ ਕਿ ਉਹ ਮੇਰੀ ਮਦਦ ਕਰਨਾ ਚਾਹੁੰਦਾ ਹੈ। ਜਦੋਂ ਅਸੀਂ ਉਨ੍ਹਾਂ ਨੂੰ ਇਕੱਠਾ ਕਰ ਲਿਆ, ਤਾਂ ਉਸਨੇ ਕਿਹਾ , 'ਤੁਸੀਂ ਸਭ ਤੋਂ ਵੱਡੇ ਹੋ, ਇਸ ਲਈ ਤੁਹਾਨੂੰ ਵੱਡਾ ਹਿੱਸਾ ਮਿਲਣਾ ਚਾਹੀਦਾ ਹੈ।' ਉਸ ਨੇ ਮੈਨੂੰ ਇੱਕ ਭਾਰੀ ਬੋਰੀ ਦੇ ਦਿੱਤੀ , ਮੈਂ ਇਸਨੂੰ ਘਰ ਲੈ ਆਇਆ , ਪਰ ਜਦੋਂ ਮੈਂ ਇਸਨੂੰ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚ ਪੱਥਰ ਭਰੇ ਹੋਏ ਸਨ।

ਠੀਕ ਉਸੇ ਪਲ ਭਾਲੂ ਵੀ ਆ ਗਿਆ। ਉਹ ਬਹੁਤ ਖੁਸ਼ ਲੱਗ ਰਿਹਾ ਸੀ।



" ਹੁਣ ਤੁਸੀਂ ਸਾਰੇ ਮੇਰਾ ਮਜ਼ਾਕ ਨਹੀਂ ਉਡਾ ਸਕੋਗੇ ।"

ਕਿਉਂਕਿ ਹੁਣ ਮੇਰੇ ਕੋਲ ਵੀ ਇੱਕ ਸੁੰਦਰ ਝਾੜੀਦਾਰ ਪੂੰਛ ਹੈ , " ਭਾਲੂ ਨੇ ਐਲਾਨ ਕੀਤਾ।

" ਤੁਹਾਡਾ ਮਜ਼ਾਕ ਕੌਣ ਉਡਾ ਰਿਹਾ ਹੈ ?" ਅਤੇ

"ਤੁਸੀਂ ਕਿਹੜੀ ਪੂੰਛ ਬਾਰੇ ਗੱਲ ਕਰ ਰਹੇ ਹੋ ?" ਜਾਨਵਰਾਂ ਨੇ ਪੁੱਛਿਆ।

ਭਾਲੂ ਨੇ ਉਹਨਾਂ ਨੂੰ ਲੂੰਬੜ ਦੁਆਰਾ ਲਿਖਿਆ ਪੱਤਰ ਦਿਖਾਇਆ।

" ਤੁਹਾਡਾ ਵੀ ਸਾਡੇ ਸਮੂਹ ਵਿੱਚ ਸਵਾਗਤ ਹੈ!" ਗਧੇ ਨੇ ਕਿਹਾ।

" ਉਸਨੇ ਤੇਰੇ ਤੋਂ ਕੀ ਲਿਆ ?"

" ਮੇਰਾ ਸ਼ਹਿਦ ," ਭਾਲੂ ਨੇ ਜਵਾਬ ਦਿੱਤਾ।





ਹੁਣ ਇਸ ਪਰਚੇ ਨੂੰ ਆਪਣੀ ਟੁੰਡੀ ਪੂੰਛ ਤੇ ਲਟਕਾ ਕੇ ਲਹਿਰਾਉਂਦੇ ਰਹੋ।

ਲੂੰਬੜ ਕਦੇ ਵੀ ਆਪਣੀ ਪੂੰਛ ਤੋਂ ਵੱਖ ਨਹੀਂ ਹੋਵੇਗਾ , " ਖਰਗੋਸ਼ ਨੇ ਕਿਹਾ।

" ਦੋਸਤੋ, ਲੂੰਬੜ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ ," ਕਾਂ ਨੇ ਸੁਝਾਅ ਦਿੱਤਾ।

" ਪਰ ਕਿਵੇਂ ?" ਭਾਲੂ ਨੇ ਪੁੱਛਿਆ।

" ਮੈਨੂੰ ਪਤਾ ਹੈ ," ਕਾਂ ਨੇ ਜਵਾਬ ਦਿੱਤਾ।

"ਤੁਹਾਨੂੰ ਉਸਨੂੰ ਯਾਦ ਦਿਵਾਉਂਦੇ ਰਹਿਣਾ ਪਵੇਗਾ ਕਿ ਉਸਦੀ ਪੂੰਛ ਤੁਹਾਡੀ ਹੈ।"

" ਮੈਂ ਤੁਰੰਤ ਜਾਵਾਂਗਾ ," ਭਾਲੂ ਨੇ ਕਿਹਾ।

" ਰੁਕੋ ," ਕਾਂ ਨੇ ਕਿਹਾ , " ਅਸੀਂ ਸਾਰੇ ਜਾਵਾਂਗੇ। ਪਰ ਅੱਜ ਰਾਤ। ਦੇਰ ਨਾਲ।"



ਅੱਧੀ ਰਾਤ ਹੋ ਗਈ ਸੀ। ਲੂੰਬੜ ਆਪਣੀ ਗੁਫ਼ਾ ਵਿੱਚ ਗੂੜ੍ਹੀ ਨੀਂਦ ਸੌਂ ਰਿਹਾ ਸੀ। ਅਚਾਨਕ ਉਸਨੂੰ ਦਰਵਾਜ਼ਾ ਖੜਕਾਉਣ ਦੀ ਅਵਾਜ਼ ਸੁਣਾਈ ਦਿੱਤੀ। "ਰਾਤ ਦੇ ਇਸ ਸਮੇਂ ਭਲਾ ਉੱਥੇ ਕੌਣ ਹੋ ਸਕਦਾ ਹੈ ?" ਉਸਨੇ ਸੋਚਿਆ।



" ਇਹ ਮੈਂ ਹਾਂ ," ਭਾਲੂ ਨੇ ਕਿਹਾ। "ਮੈਂ ਆਪਣੇ ਦੋਸਤਾਂ ਨੂੰ ਆਪਣੀ ਪੂੰਛ ਦਿਖਾਉਣ ਲਈ ਲਿਆਇਆ ਹਾਂ।"

" ਇਸ ਵੇਲੇ ?" ਲੂੰਬੜ ਨੇ ਬੁੜਬੁੜਾਇਆ। "ਕੀ ਤੂੰ ਸਵੇਰ ਤੱਕ ਇੰਤਜ਼ਾਰ ਨਹੀਂ ਕਰ ਸਕਦਾ ?"



" ਬਸ ਕੁਝ ਹੀ ਮਿੰਟਾਂ ਦੀ ਹੀ ਤਾਂ ਗੱਲ ਹੈ ," ਭਾਲੂ ਨੇ ਹੌਲੀ ਜਿਹੀ ਕਿਹਾ।

" ਠੀਕ ਹੈ ," ਲੂੰਬੜ ਨੇ ਜਵਾਬ ਦਿੱਤਾ। "ਪਰ ਜਲਦੀ ਦੇਖੋ ਅਤੇ ਦਫ਼ਾ ਹੋ ਜਾਓ ਕਿਉਂਕਿ ਮੈਂ ਅਜੇ ਹੋਰ ਸੌਣਾ ਹੈ।"



" ਓਏ ਹੋਏ! ਵਿਚਾਰੀ ਪੂੰਛ ਤਾਂ ਬਹੁਤ ਬੁਰੀ ਹਾਲਤ ਵਿੱਚ ਹੈ।" ਕਾਂ ਨੇ ਕਿਹਾ।

" ਤੂੰ ਫਰ ਬਾਰੇ ਕੀ ਜਾਣਦਾ ਹੈਂ , ਮੂਰਖ ?" ਅਤੇ ਇਸ ਦੇ ਨਾਲ ਹੀ, ਲੂੰਬੜ ਨੇ ਦਰਵਾਜ਼ਾ ਬੰਦ ਕਰ ਦਿੱਤਾ।



ਭਾਲੂ ਅਤੇ ਉਸਦੇ ਦੋਸਤ ਆਪਣੀ ਅਗਲੀ ਚਾਲ ਦੀ ਯੋਜਨਾ ਬਣਾਉਣ ਲਈ ਭਾਲੂ ਦੀ ਗੁਫ਼ਾ ਵਿੱਚ ਵਾਪਸ ਆ ਗਏ।






ਕੁਝ ਘੰਟਿਆਂ ਬਾਅਦ , ਸਵੇਰ ਹੋਣ ਤੋਂ ਠੀਕ ਪਹਿਲਾਂ , ਭਾਲੂ ਫਿਰ ਲੂੰਬੜ ਦੀ ਗੁਫ਼ਾ ਦੇ ਸਾਹਮਣੇ ਸੀ। ਇਸ ਵਾਰ ਉਹ ਇਕੱਲਾ ਹੀ ਸੀ।

" ਮੈਂ ਆਪਣੀ ਪੂੰਛ ਨੂੰ ਸਜਾਉਣ ਆਇਆ ਹਾਂ ," ਭਾਲੂ ਨੇ ਕਿਹਾ।

" ਕੀ ?" ਸੁੱਤੇ ਹੋਏ ਲੂੰਬੜ ਨੇ ਕਿਹਾ। "ਤੁਹਾਡਾ ਜਦੋਂ ਵੀ ਮਨ ਕਰੇ ਤੁਸੀਂ ਆ ਕੇ ਮੈਨੂੰ ਪਰੇਸ਼ਾਨ ਨਹੀਂ ਕਰ ਸਕਦੇ!"

" ਮੈਂ ਤੁਹਾਡੇ ਕੋਲ ਨਹੀਂ ਆਇਆ। ਮੈਂ ਆਪਣੀ ਪੂੰਛ ਸਾਫ਼ ਕਰਨ ਆਇਆ ਹਾਂ। ਮੈਨੂੰ ਅੰਦਰ ਆਉਣ ਦਿਓ।"

" ਠੀਕ ਹੈ , ਠੀਕ ਹੈ ," ਲੂੰਬੜ ਨੇ ਝਿਜਕਦੇ ਹੋਏ ਕਿਹਾ। "ਪਰ ਜੋ ਵੀ ਤੁਸੀਂ ਕਰਨਾ ਹੈ, ਜਲਦੀ ਕਰੋ।"



ਕੋਈ ਸਮਾਂ ਬਰਬਾਦ ਨਾ ਕਰਦੇ ਹੋਏ ਭਾਲੂ ਨੇ, ਲੂੰਬੜ ਨੂੰ ਪੀਹੜੀ 'ਤੇ ਬਿਠਾ ਦਿੱਤਾ ਅਤੇ ਆਪਣਾ ਕੰਮ ਕਰਨ ਲੱਗ ਪਿਆ।





ਲੂੰਬੜ ਦੀ ਪੂੰਛ ਨੂੰ ਧੋਂਦੇ , ਨਿਚੋੜਦੇ ਅਤੇ ਕੰਘੀ ਕਰਦੇ ਹੋਏ , ਭਾਲੂ ਆਪਣੀ ਪੂੰਛ' ਸੰਬੰਧੀ ਬਣਾਈਆਂ ਯੋਜਨਾਵਾਂ ਬਾਰੇ ਦੱਸਦਾ ਰਿਹਾ।





ਮੈਂ ਇਸਨੂੰ ਘੁੰਗਰਾਲਾ ਬਣਾਵਾਂਗਾ ਅਤੇ ਇਸਨੂੰ ਗੁਲਾਬੀ ਰੰਗ ਵਿੱਚ ਰੰਗਾਂਗਾ। ਫਿਰ ਮੈਂ ਇਸਨੂੰ ਰਿਬਨ ਅਤੇ ਕਲਿੱਪਾਂ ਨਾਲ ਸਜਾਵਾਂਗਾ। ਮੈਂ ਇਸਨੂੰ ਪਤਝੜ ਵਿੱਚ ਮੁਨਵਾ ਦਿਆਂਗਾ , ਤਾਂ ਜੋ ਮੈਂ ਸਰਦੀਆਂ ਵਿੱਚ ਸੌਣ ਲਈ ਇਸ ਦੇ ਵਾਲਾਂ ਤੋਂ ਇੱਕ ਨਰਮ ਸਿਰਹਾਣਾ ਬਣਾ ਸਕਾਂ।"





" ਨਹੀਂ, ਤੂੰ ਕਦੇ ਵੀ, ਕੁਝ ਅਜਿਹਾ ਨਹੀਂ ਕਰੇਗਾ ,"
ਲੂੰਬੜ ਨੇ ਪੀਹੜੀ ਤੋਂ ਛਾਲ ਮਾਰਦੇ ਹੋਏ ਕਿਹਾ।

" ਆਪਣੇ ਸ਼ਹਿਦ ਨੂੰ ਫੜੋ। ਸਾਡਾ ਸੌਦਾ ਖ਼ਤਮ ਹੋਇਆ!"



" ਬਿਲਕੁਲ ਨਹੀਂ ," ਭਾਲੂ ਨੇ ਜ਼ਿੱਦ ਨਾਲ ਕਿਹਾ।

"ਸਿਰਫ਼ ਇੱਕ ਮੂਰਖ ਹੀ ਇੰਨੀ ਸੋਹਣੀ ਪੂੰਛ ਦਾ ਸੌਦਾ, ਸ਼ਹਿਦ ਦੀ ਇੱਕ ਅੱਧੀ ਬੋਤਲ ਲਈ ਕਰ ਸਕਦਾ ਹੈ।"

" ਤਾਂ ਫਿਰ ਤੈਨੂੰ ਹੋਰ ਕੀ ਚਾਹੀਦਾ ਹੈ ?" ਹੈਰਾਨ ਹੋਏ ਲੂੰਬੜ ਨੇ ਪੁੱਛਿਆ।

" ਸ਼ਹਿਦ ਤੋਂ ਇਲਾਵਾ, ਮੈਨੂੰ ਵਧੀਆ ਪਨੀਰ , ਬਲੂਤ ਦੇ ਫਲ਼ਾਂ ਦੀ ਇੱਕ ਬੋਰੀ ਅਤੇ ਪੱਕੇ ਮਿੱਠੇ ਅੰਗੂਰ ਵੀ ਚਾਹੀਦੇ ਹਨ।

" ਤੁਸੀਂ ਕਿਹੋ ਜਿਹਾ ਮਜ਼ਾਕ ਕਰ ਰਹੇ ਹੋ ?" ਲੂੰਬੜ ਚੀਕਿਆ।

" ਤਾਂ ਫਿਰ ਮੈਨੂੰ ਹੁਣੇ ਆਪਣੀ ਪੂੰਛ ਚਾਹੀਦੀ ਹੈ !" ਭਾਲੂ ਨੇ ਕਿਹਾ।




ਠੀਕ ਹੈ ," ਲੂੰਬੜ ਨੇ ਕਿਹਾ। "ਮੈਂ ਤੈਨੂੰ ਪੂੰਛ ਦੇ ਦਿਆਂਗਾ , ਪਰ ਤੈਨੂੰ ਬਾਹਰ ਇੰਤਜ਼ਾਰ ਕਰਨਾ ਪਵੇਗਾ। ਆਖ਼ਰਕਾਰ ਇਹ ਇੱਕ ਗੰਭੀਰ ਕਿਰਿਆ ਹੈ।"



" ਮੈਂ ਤੁਹਾਨੂੰ ਦਸ ਮਿੰਟ ਦਿੰਦਾ ਹਾਂ ," ਭਾਲੂ ਨੇ ਕਿਹਾ।

"ਪਰ ਕੋਈ ਚਲਾਕੀ ਨਾ ਖੇਡਣਾ।"

ਭਾਲੂ ਨੇ ਸਬਰ ਕੀਤਾ ਅਤੇ ਬਾਹਰ ਖੜ੍ਹਾ ਰਿਹਾ, ਫਿਰ ਅਚਾਨਕ ਉਸਨੇ ਅੰਦਰੋਂ ਇੱਕ ਦਰਦਨਾਕ ਚੀਕ ਸੁਣੀ।





ਕੁਝ ਸਮੇਂ ਬਾਅਦ ਲੂੰਬੜ ਆਪਣੇ ਲੱਕ ਦੇ ਦੁਆਲੇ ਵੱਡਾ ਤੌਲੀਆ ਲਪੇਟ ਕੇ ਲੰਗੜਾਉਂਦਾ ਹੋਇਆ ਬਾਹਰ ਆਇਆ। ਉਸ ਦੇ ਹੱਥ ਵਿੱਚ ਇੱਕ ਪੂੰਛ ਸੀ।

" ਕੀ ਤੂੰ ਸੱਚਮੁੱਚ ਪੂੰਛ ਕੱਟ ਦਿੱਤੀ ?" ਭਾਲੂ ਨੇ ਘਬਰਾਹਟ ਨਾਲ ਪੁੱਛਿਆ।

" ਕੀ ਇਹੀ ਨਹੀਂ ਸੀ , ਜੋ ਤੁਸੀਂ ਚਾਹੁੰਦੇ ਸੀ ?" ਲੂੰਬੜ ਨੇ ਪੁੱਛਿਆ।

" ਹਾਂ ," ਭਾਲੂ ਨੇ ਕਿਹਾ। "ਪਰ ਜੋ ਤੁਸੀਂ ਮੈਨੂੰ ਦੇ ਰਹੇ ਹੋ ਉਹ ਝਾੜੂ ਵਰਗਾ ਲੱਗ ਰਿਹਾ ਹੈ।

" ਕੱਟਣ ਤੋਂ ਬਾਅਦ ਪੂੰਛ ਇਸ ਤਰ੍ਹਾਂ ਹੀ ਦਿਖਾਈ ਦਿੰਦੀ ਹੈ ," ਲੂੰਬੜ ਨੇ ਜਵਾਬ ਦਿੱਤਾ ,

ਅਤੇ ਉਸ ਨੂੰ ਭਾਲੂ ਦੇ ਪੈਰਾਂ 'ਤੇ ਸੁੱਟ ਦਿੱਤਾ।



ਜਿਵੇਂ ਹੀ ਲੂੰਬੜ ਵਾਪਸ ਅੰਦਰ ਜਾਣ ਲਈ ਮੁੜਿਆ, ਲਪੇਟਿਆ ਹੋਇਆ ਤੌਲੀਆ ਖੁੱਲ੍ਹ ਗਿਆ ਅਤੇ ਉਸ ਦੀ ਅਸਲੀ ਪੂੰਛ ਬਾਹਰ ਆ ਗਈ।

" ਤੂੰ ਝੂਠਾ ਹੈਂ , ਇਹ ਸਿਰਫ਼ ਇੱਕ ਝਾੜੂ ਹੈ।"

ਇਹ ਕਹਿ ਕੇ, ਭਾਲੂ ਨੇ ਝਪੱਟਾ ਮਾਰ ਕੇ ਲੂੰਬੜ ਦੀ ਅਸਲੀ ਪੂੰਛ ਫੜ ਲਈ।





" ਰਹਿਮ ਕਰੋ! ਮੈਨੂੰ ਜਾਣ ਦਿਓ!" ਲੂੰਬੜ ਨੇ ਬੇਨਤੀ ਕੀਤੀ। "ਮੈਂ ਤਾਂ ਮਜ਼ਾਕ ਕਰ ਰਿਹਾ ਸੀ। ਮੈਂ ਤੁਹਾਨੂੰ ਉਹ ਸਭ ਕੁਝ ਦੇਵਾਂਗਾ ਜੋ ਤੁਸੀਂ ਮੰਗਿਆ ਹੈ । ਅਤੇ ਮੈਂ ਤੁਹਾਨੂੰ ਆਪਣੀ ਪੂੰਛ ਵੀ ਪਹਿਨਣ ਲਈ ਦੇਵਾਂਗਾ। ਪਰ ਸਿਰਫ਼ ਇੱਕ ਵਾਰ," ਲੂੰਬੜੀ ਨੇ ਅੱਗੇ ਕਿਹਾ।

ਭਾਲੂ ਦੇ ਦੋਸਤ ਨਦੀ ਦੇ ਕੰਢੇ ਉਸਦਾ ਇੰਤਜ਼ਾਰ ਕਰ ਰਹੇ ਸਨ, ਅਤੇ ਇਹ ਸੋਚ ਰਹੇ ਸਨ ਕਿ ਉਸਨੂੰ ਇੰਨਾ ਸਮਾਂ ਕਿਉਂ ਲੱਗ ਰਿਹਾ ਹੈ। ਅੰਤ ਵਿੱਚ, ਇੱਕ ਸੁੰਦਰ ਪੂੰਛ ਨਾਲ, ਉਹਨਾਂ ਨੂੰ ਭਾਲੂ ਦਿਖਾਈ ਦਿੱਤਾ।





" ਓਏ, ਕੀ ਉਸਨੇ ਸੱਚਮੁੱਚ ਤੁਹਾਨੂੰ ਆਪਣੀ ਪੂੰਛ ਦਿੱਤੀ ਸੀ ?" ਕਾਂ ਨੇ ਹੈਰਾਨ ਹੋ ਕੇ ਪੁੱਛਿਆ।

" ਅਤੇ ਉਹ ਸਭ ਕੁਝ ਵੀ ਜੋ ਉਸਨੇ ਸਾਡੇ ਤੋਂ ਲਿਆ ਸੀ।" ਭਾਲੂ ਨੇ ਕਿਹਾ।

" ਪਰ ਤੁਸੀਂ ਇਹ ਕਿਵੇਂ ਕੀਤਾ ?" ਖਰਗੋਸ਼ ਜਾਣਨਾ ਚਾਹੁੰਦਾ ਸੀ।

" ਤੁਹਾਡੀ ਮਦਦ ਨਾਲ ," ਭਾਲੂ ਨੇ ਕਿਹਾ। ਚਲੋ ਹੁਣ ਆਪਾਂ ਸਾਰੇ ਪਿਕਨਿਕ ਮਨਾਈਏ।"

" ਸ਼ਾਇਦ ਸਾਨੂੰ ਲੂੰਬੜ ਨੂੰ ਵੀ ਸੱਦਾ ਦੇਣਾ ਚਾਹੀਦਾ ਸੀ ," ਗਧੇ ਨੇ ਕਿਹਾ।

" ਇਸਦੀ ਕੋਈ ਲੋੜ ਨਹੀਂ ਹੈ ," ਭਾਲੂ ਨੇ ਕਿਹਾ।

ਉਸਨੇ ਆਪਣੀ ਜੈਕਟ ਉਤਾਰ ਦਿੱਤੀ - ਸਾਰਿਆਂ ਨੇ ਲੂੰਬੜ ਨੂੰ ਦੇਖਿਆ।





ਜੈਕਟ ਉਤਾਰਦਿਆਂ ਹੀ ਭਾਲੂ ਦੀ ਪਿੱਠ ਤੇ ਬੰਨ੍ਹਿਆ ਲੂੰਬੜ ਹੇਠਾਂ ਖਿਸਕ ਗਿਆ, ਉਹ ਬਿਨਾਂ ਕੁਝ ਕਹੇ ਤੇਜ਼ੀ ਨਾਲ ਉਥੋਂ ਭੱਜ ਗਿਆ ਅਤੇ ਜੰਗਲ ਦੇ ਉਸ ਹਿੱਸੇ ਵਿੱਚ ਦੁਬਾਰਾ ਕਦੇ ਨਹੀਂ ਦੇਖਿਆ ਗਿਆ।



ਲੂੰਬੜ ਦੀ ਕਹਾਣੀ

ਲਿਖਿਆ ਅਤੇ ਦਰਸਾਇਆ ਗਿਆ: ਯੋਸੀ ਅਬੋਲਾਫੀਆ

ਅਨੁਵਾਦਕ : ਗੁਰਪ੍ਰੀਤ ਕੌਰ

ਲੂੰਬੜ ਦੀ ਪੂੰਛ ਵਿਕਾਊ ਹੈ , ਸਿਰਫ਼ ਇਹੀ ਤਾਂ ਲੂੰਬੜ ਨੇ ਕਿਹਾ ਸੀ।

" ਮੈਂ ਤੈਨੂੰ ਤੇਰੀ ਅੱਧੀ ਖਾਲੀ ਸ਼ਹਿਦ ਦੀ ਬੋਤਲ ਦੇ ਬਦਲੇ ਆਪਣੀ ਸੁੰਦਰ ਝਾੜੀਦਾਰ ਪੂੰਛ ਦੇਵਾਂਗਾ ," ਲੂੰਬੜ ਨੇ ਭਾਲੂ ਨੂੰ ਕਿਹਾ।

ਪਲਕ ਝਪਕਦੇ ਹੀ, ਉਹ ਭਾਲੂ ਦੇ ਸ਼ਹਿਦ ਨਾਲ ਗਾਇਬ ਹੋ ਗਿਆ। ਲੂੰਬੜ ਪਹਿਲਾਂ ਹੀ ਕਾਂ ਦਾ ਪਨੀਰ , ਖਰਗੋਸ਼ ਦੇ ਮਿੱਠੇ ਅੰਗੂਰ ਅਤੇ ਗਧੇ ਦੇ ਬਲੂਤ ਦੇ ਫਲ਼ ਚੋਰੀ ਕਰ ਚੁੱਕਿਆ ਸੀ। ਹੁਣ ਸਾਰੇ ਜਾਨਵਰਾਂ ਨੇ ਚਲਾਕ ਲੂੰਬੜ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕੀਤਾ।

ਪਰ ਕੀ ਉਹ ਚਲਾਕ ਲੂੰਬੜ ਨੂੰ ਪਛਾੜ ਸਕਦੇ ਸਨ ?

ਯੋਸੀ ਅਬੋਲਾਫੀਆ ਬੱਚਿਆਂ ਦੀਆਂ ਕਈ ਕਿਤਾਬਾਂ ਦੇ ਲੇਖਕ ਅਤੇ ਚਿੱਤਰਕਾਰ ਹਨ। ਉਹ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਨਾਲ ਯਰੂਸ਼ਲਮ ਵਿੱਚ ਰਹਿੰਦੇ ਹਨ।